
# ਪਾਠ – 3
## ਮਹਾਤਮਾ ਗਾਂਧੀ (ਲੇਖਕ–ਸ੍ਰੀਮਤੀ ਨਿਤਾਸ਼ਾ ਕੋਹਲੀ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਮਹਾਤਮਾਂ ਗਾਂਧੀ ਦਾ ਪੂਰਾ ਨਾਂ ਕੀ ਸੀ?**
ਉੱਤਰ : ਸ੍ਰੀ ਮੋਹਨ ਦਾਸ ਕਰਮਚੰਦ ਗਾਂਧੀ।

**ਪ੍ਰਸ਼ਨ ਅ. ਮਹਾਤਮਾ ਗਾਂਧੀ ਨੇ ਕਿਹੜਾ ਮਾਰਗ ਚੁਣਿਆ?**
ਉੱਤਰ : ਅਹਿੰਸਾ ਦਾ ਮਾਰਗ।

**ਪ੍ਰਸ਼ਨ ੲ. ਮਹਾਤਮਾ ਗਾਂਧੀ ਨੇ ਬਚਪਨ ਵਿੱਚ ਕਿਹੜਾ ਨਾਟਕ ਦੇਖਿਆ ਤੇ ਉਹਨਾਂ ਦੇ ਮਨ ਉੱਤੇ ਉਸ ਨਾਟਕ ਦਾ ਕਿਹੋ ਜਿਹਾ ਪ੍ਰਭਾਵ ਪਿਆ ਸੀ?**
ਉੱਤਰ : ਮਹਾਤਮਾ ਗਾਂਧੀ ਨੇ ਬਚਪਨ ਵਿੱਚ 'ਹਰੀਸ਼ ਚੰਦਰ' ਨਾਟਕ ਦੇਖਿਆ। ਹਰੀਸ਼ ਚੰਦਰ ਦੇ ਸੱਤਿਆਵਾਦੀ ਸੁਭਾਅ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ।

**ਪ੍ਰਸ਼ਨ ਸ. ਗਾਂਧੀ ਜੀ ਦੇ ਮਨ ਉੱਤੇ ਸਰਵਣ ਦੀ ਪਿਤਰੀ-ਭਗਤੀ ਦਾ ਕੀ ਅਸਰ ਪਿਆ?**
ਉੱਤਰ : ਸਰਵਣ ਦੀ ਪਿਤਰੀ-ਭਗਤੀ ਦੇ ਪ੍ਰਭਾਵ ਕਾਰਨ ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ-ਧਰਮ ਮੰਨਦੇ ਸਨ।

**ਪ੍ਰਸ਼ਨ ਹ. ਗਾਂਧੀ ਜੀ ਨੇ ਸਕੂਲ ਵਿੱਚ ਨਕਲ ਕਿਉਂ ਨਹੀਂ ਕੀਤੀ?**
ਉੱਤਰ : ਗਾਂਧੀ ਜੀ ਨਕਲ ਨੂੰ ਪਾਪ ਸਮਝਦੇ ਸਨ। ਉਹ ਮੰਨਦੇ ਸਨ ਕਿ ਨਕਲ ਕਰ ਕੇ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ।

**ਪ੍ਰਸ਼ਨ ਕ. ਮਹਾਤਮਾ ਗਾਂਧੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ ਸੀ?**
ਉੱਤਰ : ਉਹਨਾਂ ਨੇ ਆਪਣੀ ਮਾਂ ਨੂੰ ਵਚਨ ਦਿੱਤਾ ਕਿ ਉਹ ਇੰਗਲੈਂਡ ਜਾ ਕੇ ਕਦੇ ਮਾਸ ਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ।

**ਪ੍ਰਸ਼ਨ ਖ. ਮਹਾਮਤਾ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ?**
ਉੱਤਰ : ਮਹਾਤਮਾ ਗਾਧੀ ਜੀ ਦਾ ਪਹਿਲਾ ਬਾਂਦਰ ਬੁਰਾ ਨਾ ਬੋਲਣ, ਦੂਜਾ ਬੁਰਾ ਨਾ ਸੁਣਨ ਤੇ ਤੀਜਾ ਬੁਰਾ ਨਾ ਦੇਖਣ ਦੀ ਸਿੱਖਿਆ ਦਿੰਦਾ ਹੈ।

### 2. ਖ਼ਾਲੀ ਥਾਵਾਂ ਭਰੋ :
ੳ. ਗਾਂਧੀ ਜੀ ਦੇ ਵਿਚਾਰ ਬੜੇ **ਉੱਚੇ** ਤੇ **ਸੁੱਚੇ** ਸਨ।
ਅ. ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸੱਚ ਹੀ **ਰੱਬ** ਹੈ।
ੲ. ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ **ਧਰਮ** ਮੰਨਦੇ ਸਨ।
ਸ. ਗਾਂਧੀ ਜੀ ਆਪਣੇ ਅਸੂਲਾਂ ਦੇ ਬੜੇ **ਪੱਕੇ** ਸਨ।
ਹ. ਗਾਂਧੀ ਜੀ ਨੇ ਦੇਸ ਨੂੰ ਅਜ਼ਾਦ ਕਰਾਉਣ ਲਈ **ਅਹਿੰਸਾ** ਦਾ ਮਾਰਗ ਚਣਿਆ।

### 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:
1. **ਅਹਿੰਸਾ** (ਜੀਵਾਂ ਨੂੰ ਨਾ ਮਾਰਨਾ) – ਗਾਂਧੀ ਜੀ ਨੇ ਅਹਿੰਸਾ ਦਾ ਮਾਰਗ ਚੁਣਿਆ।
2. **ਮੁਸੀਬਤ** (ਦੁੱਖ ਦਾ ਸਮਾਂ) – ਮੁਸੀਬਤ ਵੇਲੇ ਦੋਸਤਾਂ ਦੀ ਪਰਖ ਹੁੰਦੀ ਹੈ।
3. **ਗ਼ੁਲਾਮ** (ਅਧੀਨ) – ਭਾਰਤ ਬਹੁਤ ਸਮਾਂ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ ਹੈ।
4. **ਵਹਿੰਗੀ** (ਭਾਰ ਢੋਣ ਵਾਲੀ ਤੱਕੜੀ ਵਰਗੀ ਚੀਜ਼) – ਪਹਿਲਾਂ ਪਾਣੀ ਢੋਣ ਲਈ ਵਹਿੰਗੀ ਦੀ ਵਰਤੋਂ ਕੀਤੀ ਜਾਂਦੀ ਸੀ।
5. **ਸਹਿਪਾਠੀ** (ਇੱਕੋ ਜਮਾਤ ਵਿੱਚ ਪੜ੍ਹਨ ਵਾਲੇ) – ਮੋਹਨ ਮੇਰਾ ਸਹਿਪਾਠੀ ਹੈ।
6. **ਅਧਿਆਪਕ** (ਪੜ੍ਹਾਉਣ ਵਾਲਾ) – ਮੇਰਾ ਅਧਿਆਪਕ ਬਹੁਤ ਮਿਹਨਤੀ ਹਨ।
7. **ਚਰਿੱਤਰ** (ਆਚਰਨ) – ਗਾਂਧੀ ਜੀ ਦਾ ਚਰਿੱਤਰ ਬਹੁਤ ਉੱਚਾ ਸੀ।

### 4. ਵਿਰੋਧੀ ਸ਼ਬਦ :

| | | |
|---|---|---|
| ਹਿੰਸਾ | : | ਅਹਿੰਸਾ |
| ਸੁਆਰਥ | : | ਨਿਰਸੁਆਰਥ |
| ਵਿਦੇਸ਼ੀ | : | ਦੇਸੀ |